# ਕੀਟਨਾਸ਼ਕ ਸੁਰੱਖਿਆ ਜਾਣਕਾਰੀ

dpr

ਕੈਲੀਫ਼ੋਰਨੀਆ ਦੇ ਵਾਤਾਵਰਣ ਦੀ ਸੁਰੱਖਿਆ ਬਾਰੇ ਏਜੰਸੀ

A No. 3

# ਬੰਦ ਸਿਸਟਮ, ਬੰਦ ਗੱਡੀਆਂ, ਅਤੇ ਫਾਰਮਾਂ ਤੇ ਪਾਣੀ ਵਿੱਚੋਂ ਘੋਲ ਵਾਲੀ ਪੈਕੇਜਿੰਗ

**ਜੇ ਤੁਸੀਂ ਇਕ ਖ਼ਤਰਨਾਕ ਕੀਟਨਾਸ਼ਕ ਨੂੰ ਹੱਥਾਂ ਨਾਲ ਕੱਢਕੇ ਪਾਂਦੇ ਹੋ ਜਾਂ ਉਸਨੂੰ ਰਲਾਉਂਦੇ ਹੋ ਤਾਂ ਤੁਹਾਨੂੰ ਜਖ਼ਮੀ ਜਾਂ ਬੀਮਾਰ ਹੋਣ ਦਾ ਵੱਡਾ ਖ਼ਤਰਾ ਹੈ।** ਇਨ੍ਹਾਂ ਕੀਟਨਾਸ਼ਕਾਂ ਨਾਲ ਕੰਮ ਕਰਨ ਲਈ ਹੋਰ ਵੱਧ ਸੁਰੱਖਿਆ ਨਿਯਮ ਹਨ, ਜਿਨ੍ਹਾਂ ਦੀ ਪਾਲਣਾ ਕਰਨੀ ਬਹੁਤ ਲਾਜ਼ਮੀ ਹੈ। ਇਸਤੋਂ ਪਹਿਲਾਂ ਕਿ ਤੁਸੀਂ ਇਸ ਕਿਸਮ ਦੇ ਕੀਟਨਾਸ਼ਕਾਂ ਦਾ ਇਸਤੇਮਾਲ ਕਰੋ, ਤੁਹਾਡੇ ਮਾਲਿਕ ਨੂੰ ਇਹ ਯਕੀਨੀ ਬਣਾਉਣਾ ਚਾਹੀਦਾ ਹੈ, ਕਿ ਤੁਹਾਨੂੰ ਇਨ੍ਹਾਂ ਨਿਯਮਾਂ ਦੀ ਪੂਰੀ ਜਾਣਕਾਰੀ ਹੈ।

ਜਦੋਂ ਤੁਸੀਂ ਕੀਟਨਾਸ਼ਕਾਂ ਨੂੰ ਰਲਾਉਂਦੇ, ਲੱਦਦੇ ਅਤੇ ਇਸਤੇਮਾਲ ਕਰਦੇ ਹੋ, ਤੁਹਾਨੂੰ ਆਪਣੇ ਆਪ ਨੂੰ ਸੁਰੱਖਿਅਤ ਰੱਖਣ ਦੇ ਬਹੁਤ ਸਾਰੇ ਤਰੀਕੇ ਹਨ। ਤੁਹਾਨੂੰ ਲੇਬਲ ਤੇ ਲਿਖੀਆ ਹਿਦਾਇਤਾਂ ਦੀ ਪਾਲਣਾ ਕਰਨੀ ਜ਼ਰੂਰੀ ਹੈ, ਸਹੀ ਕਿਸਮ ਦੇ ਅਤੇ ਨਿੱਜੀ ਸੁਰੱਖਿਆ ਉਪਕਰਣ (PPE) ਪਾਣਾ, ਅਤੇ ਸਹੀ ਕਿਸਮ ਦੇ ਉਪਕਰਣਾਂ ਦਾ ਇਸਤੇਮਾਲ ਕਰਨਾ ਚਾਹੀਦਾ ਹੈ। ਖ਼ਤਰਨਾਕ ਕੀਟਨਾਸ਼ਕਾਂ ਲਈ ਵਿਸ਼ੇਸ਼ ਕਿਸਮ ਦੇ ਉਪਕਰਣ ਅਤੇ ਪੈਕੇਜਿਜ਼ ਹਨ, ਜੋ ਸੁਰੱਖਿਅਤ ਰਹਿਣ ਵਿੱਚ ਤੁਹਾਡੀ ਸਹਾਇਤਾ ਕਰਦੇ ਹਨ।

ਸੁਰੱਖਿਆ ਸੁਝਾਅ

**3**

ਭਾਵੇਂ ਤੁਸੀਂ ਇਕ ਬੰਦ ਸਿਸਟਮ ਇਸਤੇਮਾਲ ਕਰ ਰਹੇ ਹੋ, ਤੁਹਾਨੂੰ ਅੱਖਾਂ ਦੇ ਉਪਕਰਣ ਹਮੇਸ਼ਾਂ ਜ਼ਰੂਰ ਪਾਣੇ ਚਾਹੀਦੇ ਹਨ।



## ਖ਼ਤਰਨਾਕ ਕੀਟਨਾਸ਼ਕਾਂ ਤੋਂ ਵਿਸ਼ੇਸ਼ ਕਿਸਮ ਦੀ ਵਾਧੂ ਸੁਰੱਖਿਆ ਲੈਣ ਦੇ ਇਹ ਤਿੰਨ ਤਰੀਕੇ ਹਨ

### 1. ਬੰਦ ਸਿਸਟਮ

"ਬੰਦ ਸਿਸਟਮ" ਇਕ ਮਸ਼ੀਨ ਹੈ, ਜੋ ਤੁਹਾਡੇ ਲਈ ਕੀਟਨਾਸ਼ਕ ਨੂੰ ਕੰਟੇਨਰ ਵਿੱਚੋਂ ਬਾਹਰ ਕੱਢਦੀ ਹੈ ਅਤੇ ਫਿਰ ਕੰਟੇਨਰ ਨੂੰ ਹੰਗਾਲ ਕੇ ਸਾਫ਼ ਕਰਦੀ ਹੈ। ਜੇ ਤੁਸੀਂ ਮਸ਼ੀਨ ਦਾ ਸਹੀ ਢੰਗ ਨਾਲ ਇਸਤੇਮਾਲ ਕਰੋ, ਤਾਂ ਇਹ ਕੀਟਨਾਸ਼ਕ ਨੂੰ ਤੁਹਾਡੇ ਸਰੀਰ ਤੋਂ ਦੂਰ ਰੱਖਦੀ ਅਤੇ ਕੀਟਨਾਸ਼ਕ ਨੂੰ ਇਸਤੇਮਾਲ ਕਰਨ ਵਾਲੇ ਟੈਂਕ ਵਿੱਚ ਵੀ ਸੁੱਟਦੀ ਹੈ ਅਤੇ ਫਿਰ ਤੁਹਾਡੇ ਲਈ ਕੰਟੇਨਰਾਂ ਅਤੇ ਹੋਜ਼ੇਜ਼ ਨੂੰ ਹੰਗਾਲ ਕੇ ਸਾਫ਼ ਕਰਦੀ ਹੈ। ਇਕ ਬੰਦ ਸਿਸਟਮ ਇਸਤੇਮਾਲ ਕਰਨ ਤੋਂ ਪਹਿਲਾਂ ਤੁਹਾਨੂੰ ਇਹ ਟਰੇਨਿੰਗ ਲੈਣੀ ਜ਼ਰੂਰੀ ਹੈ ਕਿ ਇਸਨੂੰ ਕਿਸ ਤਰ੍ਹਾਂ ਇਸਤੇਮਾਲ ਕਰਨਾ ਹੈ ਤੇ ਕਿਹੜੇ ਸੁਰੱਖਿਆ ਨਿਯਮਾਂ ਦੀ ਪਾਲਣਾ ਕਰਨੀ ਹੈ।

## ਮੈਨੂੰ ਬੰਦ ਸਿਸਟਮ ਦਾ ਇਸਤੇਮਾਲ ਕਦੋਂ ਕਰਨਾ ਚਾਹੀਦਾ ਹੈ ?

**ਤੁਹਾਨੂੰ ਇਸਦਾ ਇਸਤੇਮਾਲ ਕਰਨਾ ਚਾਹੀਦਾ ਹੈ:**

- ਜੇ ਲੇਬਲ ਤੇ ਬੰਦ ਸਿਸਟਮ ਇਸਤੇਮਾਲ ਕਰਨ ਲਈ ਲਿਖਿਆ ਹੋਵੇ; ਜਾਂ

- ਤੁਸੀਂ ਲੇਬਲ ਤੇ **"ਖਤਰਾ"** ਸ਼ਬਦ ਵਾਲੇ ਤਰਲ ਕੀਟਨਾਸ਼ਕਾਂ ਨੂੰ ਰਲਾਉਂਦੇ ਹੋ; ਜਾਂ
- ਤੁਸੀਂ ਕਿਸੇ ਘੱਟ ਤੋਂ ਘੱਟ ਐਕਸਪੋਜ਼ਰ ਵਾਲੇ ਕੀਟਨਾਸ਼ਕ ਨੂੰ ਰਲਾਉਂਦੇ ਹੋ, (ਇਸ ਬਾਰੇ ਹੋਰ ਵੱਧ ਜਾਣਕਾਰੀ ਲਈ A-6 ਸੁਰੱਖਿਆ ਲੀਫ਼ਲੈਟ (ਪਰਚੇ) ਵੇਖੋ)।

ਜੇ ਤੁਸੀਂ ਇਕ ਦਿਨ ਵਿੱਚ (ਇੱਕ) ਗੈਲਨ ਜਾਂ ਉਸ ਤੋਂ ਘੱਟ ਸਮੱਗਰੀ ਨੂੰ ਅਸਲ ਕੰਟੇਨਰ ਵਿੱਚੋਂ ਕੀਟਨਾਸ਼ਕ ਨਾਲ ਰਲਾਉਂਦੇ ਜਾਂ ਲੱਦਦੇ ਹੋ ਤਾਂ ਤੁਹਾਨੂੰ ਬੰਦ ਸਿਸਟਮ ਇਸਤੇਮਾਲ ਕਰਨ ਦੀ ਜ਼ਰੂਰਤ ਨਹੀਂ।

## ਜੇ ਮੈਂ ਬੰਦ ਸਿਸਟਮ ਇਸਤੇਮਾਲ ਕਰਦਾ ਹਾਂ ਤਾਂ ਕੀ ਮੈਨੂੰ ਅਜੇ ਵੀ ਨਿੱਜੀ ਸੁਰੱਖਿਆ ਉਪਕਰਣ (PPE) ਪਾਣ ਦੀ ਜ਼ਰੂਰਤ ਹੈ ?

ਭਾਵੇਂ ਤੁਸੀਂ ਬੰਦ ਸਿਸਟਮ ਦਾ ਇਸਤੇਮਾਲ ਕਰਦੇ ਹੋ ਤਾਂ ਵੀ ਤੁਹਾਨੂੰ ਅੱਖਾਂ ਦੀ ਸੁਰੱਖਿਆ ਦਾ ਸਾਮਾਨ ਪਾਣਾ ਚਾਹੀਦਾ ਹੈ, ਪਰ ਕਈ ਵਾਰ ਤੁਸੀਂ ਇਸ ਤੋਂ ਵੱਖਰੀ ਕਿਸਮ ਦਾ ਨਿੱਜੀ ਸੁਰੱਖਿਆ ਉਪਕਰਣ ਪਾ ਸਕਦੇ ਹੋ। ਕੀਟਨਾਸ਼ਕ ਲੇਬਲਾਂ ਅਤੇ ਕੈਲੀਫ਼ੋਰਨੀਆ ਕਾਨੂੰਨਾਂ ਵਿੱਚ ਦੱਸਿਆ ਗਿਆ ਹੈ ਕਿ ਕੁਝ ਵਿਸ਼ੇਸ਼ ਕੀਟਨਾਸ਼ਕਾਂ ਲਈ ਤੁਹਾਨੂੰ ਕਿਹੜੇ ਨਿੱਜੀ ਸੁਰੱਖਿਆ ਉਪਕਰਣ ਦੀ ਜ਼ਰੂਰਤ ਹੈ। ਇਸ ਸ਼ੀਟ ਤੇ ਇਕ ਚਾਰਟ ਹੈ ਜਿਸ ਵਿੱਚ ਨਿੱਜੀ ਸੁਰੱਖਿਆ ਉਪਕਰਣ ਦੀਆਂ ਕਿਸਮਾਂ ਦਿੱਤੀਆਂ ਗਈਆਂ ਹਨ, ਜੋ ਜੇ ਤੁਸੀਂ ਬੰਦ ਸਿਸਟਮ ਦਾ ਇਸਤੇਮਾਲ ਕਰਦਿਆਂ ਪਾ ਸਕਦੇ ਹੋ। ਭਾਵੇਂ ਬੰਦ ਸਿਸਟਮ ਦਾ ਇਸਤੇਮਾਲ ਕਰਦਿਆਂ ਲੇਬਲ ਤੇ ਲਿਖੇ ਤੁਸੀਂ ਸਾਰੇ ਨਿੱਜੀ ਸੁਰੱਖਿਆ ਉਪਕਰਣ ਨਾ ਪਾਏ ਹੋਣ, ਤੁਹਾਡੇ ਮਾਲਿਕ ਨੂੰ ਇਹ ਯਕੀਨੀ ਬਣਾਉਣਾ ਚਾਹੀਦਾ ਹੈ ਕਿ ਕਿਸੇ ਐਮਰਜੈਂਸੀ ਦੀ ਹਾਲਤ ਵਿੱਚ ਜਿਸ ਥਾਂ ਤੇ ਤੁਸੀਂ ਕੀਟਨਾਸ਼ਕ ਰਲਾਉਂਦੇ, ਅਤੇ ਲੱਦਦੇ ਹੋ, ਉੱਥੇ ਕਿਸੇ ਵੀ ਐਮਰਜੈਂਸੀ ਦੀ ਸਥਿੱਤੀ ਲਈ ਨਿੱਜੀ ਸੁਰੱਖਿਆ ਉਪਕਰਣ (PPE) ਮੌਜੂਦ ਹੋਏ।



## ਬੰਦ ਸਿਸਟਮ ਦੀ ਦੇਖਭਾਲ ਕੌਣ ਕਰਦਾ ਹੈ ?

ਤੁਹਾਡੇ ਮਾਲਿਕ ਨੂੰ ਇਹ ਯਕੀਨੀ ਬਣਾਉਣਾ ਚਾਹੀਦਾ ਹੈ ਕਿ ਬੰਦ ਸਿਸਟਮ ਸਹੀ ਤਰ੍ਹਾਂ ਨਾਲ ਕੰਮ ਕਰ ਰਿਹਾ ਹੈ ਅਤੇ ਇਸ ਦੀ ਬਕਾਇਦਾ ਸਫ਼ਾਈ ਹੁੰਦੀ ਹੈ। ਜੇ ਇਹ ਸਹੀ ਕੰਮ ਨਾ ਕਰ ਰਿਹਾ ਹੋਵੇ, ਤਾਂ ਇਹ ਤੁਹਾਡੀ ਸੁਰੱਖਿਆ ਨਹੀਂ ਕਰ ਸਕਦਾ। ਕੀਟਨਾਸ਼ਕ ਨਾਲ ਕੰਮ ਕਰਨ ਤੋਂ ਪਹਿਲਾਂ ਉਹ ਸਹੀ ਤਰ੍ਹਾਂ ਫਿਕਸ ਹੋਵੇ, ਇਸ ਲਈ ਇੰਤਜ਼ਾਰ ਕਰਨ ਦਾ ਤੁਹਾਡਾ ਹੱਕ ਹੈ।

### 2. ਬੰਦ ਗੱਡੀਆਂ

"ਬੰਦ ਗੱਡੀਆਂ" ਉਹ ਜਗਹ ਹੈ ਜਿੱਥੇ ਆਲੇ ਦੁਆਲੇ ਕੀਟਨਾਸ਼ਕਾਂ ਦਾ ਇਸਤੇਮਾਲ ਹੁੰਦਿਆਂ ਹੋਇਆ ਤੁਸੀਂ ਬੈਠ ਸਕਦੇ ਹੋ ਅਤੇ ਸੁਰੱਖਿਅਤ ਰਹਿ ਸਕਦੇ ਹੋ। ਬੰਦ ਗੱਡੀ, ਇਕ ਫਸਲ ਝਾੜਨ ਦਾ ਕੌਕਪਿਟ ਹੋ ਸਕਦਾ ਹੈ ਜਾਂ ਕੋਈ ਟ੍ਰੈਕਟਰ, ਟਰੱਕ ਜਾਂ ਉਹ ਕਾਰ ਜਿਸਦੇ ਦਰਵਾਜ਼ੇ ਤੇ ਖਿੜਕੀਆਂ ਬੰਦ ਹੋ ਸਕਦੀਆਂ ਹਨ। ਬੰਦ ਗੱਡੀਆਂ ਤੁਹਾਨੂੰ ਕਿਸੇ ਬਾਹਰਲੀ ਚੀਜ਼ ਛੂਹਣ ਤੋਂ ਜਿਸ ਤੇ ਕੀਟਨਾਸ਼ਕ ਰੱਖਿਆ ਹੁੰਦਾ ਹੈ, ਤੋਂ ਬਚਾਈ ਰੱਖਣਗੀਆਂ। ਕੀਟਨਾਸ਼ਕ ਐਪਲੀਕੇਟਰ, ਪਾਇਲਟਸ, ਅਤੇ ਫਲੈਗਰਸ ਬੰਦ ਗੱਡੀਆਂ ਦੇ ਇਸਤੇਮਾਲ ਨਾਲ ਆਪਣੇ ਆਪ ਨੂੰ ਸੁਰੱਖਿਅਤ ਰੱਖ ਸਕਦੇ ਹਨ।

**ਬੰਦ ਗੱਡੀਆਂ ਦੋ ਕਿਸਮ ਦੀਆਂ ਹੁੰਦੀਆਂ ਹਨ -**

- ਉਹ ਗੱਡੀਆਂ ਜਿਨ੍ਹਾਂ ਵਿੱਚ ਤੁਹਾਨੂੰ ਸੁਰੱਖਿਅਤ ਰੱਖਣ ਲਈ ਸਿਰਫ਼ ਦਰਵਾਜ਼ੇ ਅਤੇ ਖਿੜਕੀਆਂ ਹਨ। ਉਨ੍ਹਾਂ ਵਿੱਚੋਂ ਬਾਹਰੋਂ ਆਉਣ ਵਾਲੀ ਹਵਾ ਨੂੰ ਸਾਫ ਰੱਖਣ ਦਾ ਕੋਈ ਇੰਤਜ਼ਾਮ ਨਹੀਂ ਹੁੰਦਾ। ਇਸ ਲਈ ਤੁਸੀਂ ਕੀਟਨਾਸ਼ਕ ਨੂੰ ਸਾਹ ਵਿੱਚ ਆਪਣੇ ਅੰਦਰ ਲਿਜਾਉਣ ਤੋ ਸੁਰੱਖਿਅਤ ਨਹੀਂ ਹੁੰਦੇ।
- ਇਹ ਉਹ ਬੰਦ ਗੱਡੀਆਂ ਜਿਨ੍ਹਾਂ ਵਿੱਚ ਹਵਾ ਸਾਫ਼ ਕਰਨ ਲਈ ਫਿਲਟਰ ਲਗੇ ਹੁੰਦੇ ਹਨ ਜੋ ਕੀਟਨਾਸ਼ਕਾਂ ਨੂੰ ਤੁਹਾਡੇ ਸਾਹ ਵਿੱਚ ਆਉਣ ਤੋਂ ਰੋਕ ਸਕਦੇ ਹਨ।



### 3. ਪਾਣੀ ਦੇ ਘੋਲ ਵਾਲੀ ਪੈਕੇਜਿੰਗ

ਪਾਣੀ ਦੇ ਘੋਲ ਵਾਲੀ ਪੈਕੇਜਿੰਗ ਇਕ ਖਾਸ ਕੀਟਨਾਸ਼ਕ ਕੰਟੇਨਰ ਜਾਂ ਪੈਕੇਜ ਹੈ। ਪੈਕੇਜ ਅਤੇ ਕੀਟਨਾਸ਼ਕ ਦੋਵੇਂ ਉਦੋਂ ਘੁਲ ਜਾਂਦੇ ਹਨ, ਜਦੋਂ ਤੁਸੀਂ ਪੈਕੇਜ ਨੂੰ ਪਾਣੀ ਵਿੱਚ ਸੁੱਟਦੇ ਹੋ। ਬੰਦ ਸਿਸਟਮ ਨਾਲ ਕੀਟਨਾਸ਼ਕਾਂ ਦੇ ਇਸਤੇਮਾਲ ਵਾਂਗ ਪਾਣੀ ਦੇ ਘੋਲ ਵਾਲੀ ਪੈਕੇਜਿੰਗ ਵੀ ਤੁਹਾਨੂੰ ਕੀਟਨਾਸ਼ਕ ਦੇ ਇਸਤੇਮਾਲ ਦੌਰਾਨ ਸੁਰੱਖਿਅਤ ਰੱਖਦੀ ਹੈ। ਪਰ ਜੇ ਕੀਟਨਾਸ਼ਕ ਦੇ ਲੇਬਲ ਤੇ **"ਖ਼ਤਰਾ"** ਸ਼ਬਦ ਹੈ ਅਤੇ ਤੁਸੀਂ ਘੁਲੇ ਹੋਏ ਕੀਟਨਾਸ਼ਕ ਨੂੰ ਇਕ ਦੂਜੇ ਟੈਂਕ ਵਿੱਚ ਲਿਜਾ ਰਹੇ ਹੋ ਜਾਂ ਲੱਦ ਰਹੇ ਹੋ, ਤਾਂ ਵੀ ਤੁਹਾਨੂੰ ਬੰਦ ਸਿਸਟਮ ਇਸੇਤਮਾਲ ਕਰਨਾ ਚਾਹੀਦਾ ਹੈ। **ਪਾਣੀ ਵਿੱਚ ਘੁਲਣ ਵਾਲੇ ਕੀਟਨਾਸ਼ਕ ਦੇ ਪੈਕੇਜ ਨੂੰ ਕਦੇ ਵੀ ਕੱਟ ਕੇ ਨਾ ਖੋਲੋ**, ਭਾਵੇਂ ਤੁਸੀਂ ਇਸ ਦਾ ਥੋੜਾ ਹੀ ਹਿੱਸਾ ਇਸਤੇਮਾਲ ਕਰਨਾ ਹੋਵੇ। ਅਜਿਹਾ ਕਰਨ ਨਾਲ ਤੁਹਾਡੇ ਤੇ ਕੀਟਨਾਸ਼ਕ ਡੁੱਲਣ ਦਾ ਵੱਡਾ ਖ਼ਤਰਾ ਹੈ ਅਤੇ ਤੁਸੀਂ ਜਖਮੀ ਜਾਂ ਬੀਮਾਰ ਹੋ ਸਕਦੇ ਹੋ।

## ਨਿੱਜੀ ਸੁਰੱਖਿਆ ਉਪਕਰਣ ਜਿਨ੍ਹਾਂ ਦੀ ਤੁਹਾਨੂੰ ਬੰਦ ਸਿਸਟਮ, ਬੰਦ ਗੱਡੀਆਂ ਜਾਂ ਪਾਣੀ ਵਿੱਚ ਘੋਲ ਵਾਲੇ ਪੈਕੇਜਿੰਗ ਇਸਤੇਮਾਲ ਕਰਦਿਆਂ ਜ਼ਰੂਰਤ ਹੈ।

| ਜੇ ਤੁਸੀਂ ਇਸਤੇਮਾਲ ਕਰਦੇ ਹੋ | ਤੁਸੀਂ ਇਸਤੇਮਾਲ ਕਰ ਸਕਦੇ ਹੋ[1] | ਇਸ ਦੀ ਬਜਾਏ |
|---|---|---|
| "ਖਤਰਾ" ਜਾਂ "ਚੇਤਾਵਨੀ" ਵਾਲੇ ਕੀਟਨਾਸ਼ਕਾਂ ਲਈ ਬੰਦ ਸਿਸਟਮ[2] | ਸੁਰੱਖਿਆ ਲਈ ਕਵਰਆਲ, ਰਸਾਇਣ ਪ੍ਰਤਿਰੋਧਕ ਦਸਤਾਨੇ, ਰਸਾਇਣ ਵਿਰੋਧੀ ਐਪਰਨ ਅੱਖਾਂ ਦੀ ਸੁਰੱਖਿਆ | ਕੀਟਨਾਸ਼ਕ ਲੇਬਲ ਅਤੇ PPE ਨਿਯਮਾਂ ਤਹਿਤ ਲੋੜੀਂਦੇ ਨਿੱਜੀ ਸੁਰੱਖਿਆ ਉਪਕਰਣ |
| "ਸਾਵਧਾਨੀ" ਨਾਲ ਕੀਟਨਾਸ਼ਕਾਂ ਲਈ ਬੰਦ ਸਿਸਟਮ[2] | ਕੰਮ ਕਰਨ ਵਾਲੇ ਕਪੜੇ (ਕਮੀਜ਼ ਪੈਂਟਾਂ ਬੂਟ) ਅੱਖਾਂ ਦੀ ਸੁਰੱਖਿਆ। | ਕੀਟਨਾਸ਼ਕ ਲੇਬਲ ਅਤੇ PPE ਨਿਯਮਾਂ ਤਹਿਤ ਲੋੜੀਂਦੇ ਨਿੱਜੀ ਸੁਰੱਖਿਆ ਉਪਕਰਣ |
| ਬੰਦ ਗੱਡੀ | ਕੰਮ ਤੇ ਪਾਣ ਵਾਲੇ ਕਪੜੇ ਅਤੇ ਸਾਹ ਲੈਣ ਸੰਬੰਧੀ ਸੁਰੱਖਿਆ ਜੇ ਲੇਬਲ ਤੇ ਲਿਖਿਆ ਹੋਵੇ | ਕੀਟਨਾਸ਼ਕ ਲੇਬਲ ਅਤੇ PPE ਨਿਯਮਾਂ ਤਹਿਤ ਲੋੜੀਂਦੇ ਨਿੱਜੀ ਸੁਰੱਖਿਆ ਉਪਕਰਣ |
| ਸਾਹ ਲੈਣ ਸੰਬੰਧੀ ਸੁਰੱਖਿਆ ਲਈ ਪ੍ਰਵਾਨਿਤ ਬੰਦ ਗਡੀ[3] | ਕੰਮ ਤੇ ਪਾਣ ਵਾਲੇ ਕਪੜੇ | ਕੀਟਨਾਸ਼ਕ ਲੇਬਲ ਅਤੇ PPE ਨਿਯਮਾਂ ਤਹਿਤ ਲੋੜੀਂਦੇ ਨਿੱਜੀ ਸੁਰੱਖਿਆ ਉਪਕਰਣ |

1 ਤੁਹਾਡੀ ਗੈਰ-ਹਾਜਰੀ ਵਿੱਚ ਕਿਸੇ ਹੋਰ ਲਈ, ਲੇਬਲ ਤੇ ਦਿਤੇ ਗਏ ਸਾਰੇ ਨਿੱਜੀ ਸੁਰੱਖਿਆ ਉਪਕਰਣ, ਫੌਰੀ ਜ਼ਰੂਰਤ ਪੈਣ ਤੇ ਉਪਲਬਧ ਹੋਣੇ ਚਾਹੀਦੇ ਹਨ।

2 ਪਾਣੀ ਦੇ ਘੋਲ ਵਾਲੇ ਪੈਕੇਜ ਦਾ ਇਸਤੇਮਾਲ, ਬੰਦ ਸਿਸਟਮ ਵਿੱਚ ਰਲਾਉਣ ਵਾਂਗ ਹੀ ਮੰਨਿਆ ਜਾਂਦਾ ਹੈ, ਪਰ ਮਿਕਸ ਟੈਂਕ ਵਿੱਚੋਂ ਇਸਤੇਮਾਲ ਵਾਲੇ ਟੈਂਕ ਵਿੱਚ ਪਾਣ ਦਾ ਕੰਮ ਬੰਦ ਸਿਸਟਮ ਨਾਲ ਕਰਨਾ ਚਾਹੀਦਾ ਹੈ।

3 ਇਸ ਕਿਸਮ ਦੇ ਬੰਦ ਸਿਸਟਮ ਨੂੰ ਅਮਰੀਕਨ ਸੁਸਾਇਟੀ ਆਫ਼ ਐਗਰੀਕਲਚਰਲ ਐਂਡ ਬਾਇਓਲੌਜੀਕਲ ਇੰਜੀਨਿਅਰਸ (American Society of Agricultural and Biological Engineers (ASABE)) ਦੇ ਮਾਪਦੰਡਾਂ 'ਤੇ ਪੂਰਾ ਉਤਰਨਾ ਜ਼ਰੂਰੀ ਹੈ। ਹੋਰ ਜਾਣਕਾਰੀ ਲਈ, www.cdpr.ca.gov ਤੇ "ਇੰਜੀਨਿਅਰਿੰਗ ਕੰਟਰੋਲਸ" ਵੇਖੋ।




*ਜੇ ਤੁਹਾਨੂੰ ਉਹ ਸਾਰੀ ਜਾਣਕਾਰੀ ਜੋ ਤੁਹਾਨੂੰ ਟਰੇਨਿੰਗ ਵਿੱਚ ਚਾਹੀਦੀ ਹੈ, ਨਹੀਂ ਮਿਲਦੀ ਤਾਂ ਤੁਹਾਨੂੰ ਕਾਉਂਟੀ ਦੇ ਖੇਤੀਬਾੜੀ ਕਮਿਸ਼ਨਰ ਜਾਂ ਕੀਟਨਾਸ਼ਕਾਂ ਦੇ ਨਿਯਮਾਂ ਬਾਰੇ ਵਿਭਾਗ (DPR) ਨੂੰ ਫੋਨ ਕਰਨੀ ਚਾਹੀਦੀ ਹੈ। ਤੁਸੀਂ ਕਮਿਸ਼ਨਰ ਦਾ ਨੰਬਰ ਆਪਣੀ ਚਿੱਟੇ ਪੰਨਿਆ ਵਾਲੀ ਸਥਾਨਕ ਡਾਇਰੈਕਟਰੀ 1-87PestLine ਤੋਂ ਲੈ ਸਕਦੇ ਹੋ ਜਾਂ*

**http://www.cdfa.ca.gov/exec/county/countymap/**

**DPR ਦੇ ਖੇਤਰੀ ਦਫ਼ਤਰ ਹਨ:**

- **ਨਾਰਦਰਨ (ਵੈਸਟ ਸੈਕਰਾਮੈਂਟੋ) 916/376-8960**
- **ਸੈਂਟਰਲ (ਫ੍ਰੈਸਨੋ) 559/297-3511**
- **ਸਦਰਨ (ਐਨਾਹਾਈਮ) 714/279-7690**

**ਕੀਟਨਾਸ਼ਕ ਬਾਰੇ ਸ਼ਿਕਾਇਤ ?**

**1-87PestLine**

**ਜਾਣਕਾਰੀ ਲਾਈਨ**

**1-877-378-5463**